# ਪੰਜਾਬ ਵਿਧਾਨ ਸਭਾ

ਪੰਜਵਾਂ ਸਮਾਗਮ

ਜ਼ੁਬਾਨੀ ਉੱਤਰ ਲਈ ਪ੍ਰਸ਼ਨ

## ਬੁੱਧਵਾਰ 29 ਨਵੰਬਰ 2023

----

ਕੁੱਲ ਪ੍ਰਸ਼ਨ 20

----

### ਰੋਪੜ ਸ਼ਹਿਰ ਵਿੱਚ ਜਲ ਸਰੋਤ ਵਿਭਾਗ ਦੀਆਂ ਖਾਲੀ ਪਈਆਂ ਜਮੀਨਾ ਦਾ ਵੇਰਵਾ

***888 ਸ਼੍ਰੀ ਦਿਨੇਸ਼ ਕੁਮਾਰ ਚੱਢਾ (ਰੂਪਨਗਰ):**

**ਰੱਖਿਆ ਸੇਵਾਵਾਂ ਭਲਾਈ, ਆਜ਼ਾਦੀ ਘੁਲਾਟੀਆਂ, ਬਾਗਬਾਨੀ, ਸੂਚਨਾ ਅਤੇ ਲੋਕ ਸੰਪਰਕ, ਖਾਨ ਅਤੇ ਭੂ-ਵਿਗਿਆਨ, ਜਲ ਸਰੋਤ ਅਤੇ ਜ਼ਮੀਨ ਅਤੇ ਪਾਣੀ ਦੀ ਸੰਭਾਲ** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰੋਪੜ ਸ਼ਹਿਰ ਵਿੱਚ ਜਲ ਸਰੋਤ ਵਿਭਾਗ ਦੀਆਂ ਕਿੰਨੀਆਂ ਪ੍ਰਾਪਰਟੀਆਂ, ਮਕਾਨ ਆਦਿ ਖਾਲੀ ਪਏ ਹਨ , ਖੰਡਰ ਬਣ ਚੁੱਕੇ ਹਨ; ਇਨਾਂ ਮਕਾਨਾਂ ਸਬੰਧੀ ਵਿਭਾਗ ਦੀ ਕੀ ਪਾਲਿਸੀ ਹੈ ਅਤੇ ਨਾਲ ਹੀ ਰੋਪੜ ਸ਼ਹਿਰ ਚ ਉਕਤ ਵਿਭਾਗ ਦੀਆਂ ਖਾਲੀ ਪਈਆਂ ਜਮੀਨਾਂ ਦਾ ਵੇਰਵਾ ਦਿੰਦੇ ਹੋਏ ਦੱਸਿਆ ਜਾਵੇ ਕਿ ਇਨ੍ਹਾਂ ਦੀ ਸਹੀ ਵਰਤੋਂ ਲਈ ਵਿਭਾਗ ਦੀ ਕੀ ਪਾਲਿਸੀ ਹੈ ?

----

### ਪੰਜਾਬ ਵਿੱਚ ਵਲੋਂ ਨਵੇਂ ਖੋਲ੍ਹੇ ਜਾ ਰਹੇ ਮੈਡੀਕਲ ਕਾਲਜਾਂ ਦੀ ਤਾਜਾ ਸਥਿਤੀ ਦੇ ਵੇਰਵੇ

***899 ਸ. ਪ੍ਰਤਾਪ ਸਿੰਘ ਬਾਜਵਾ (ਕਾਦੀਆਂ):**

**ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਮੈਡੀਕਲ ਸਿੱਖਿਆ ਅਤੇ ਖੋਜ, ਚੋਣ :-**

ਕੀ ਮੈਡੀਕਲ ਸਿੱਖਿਆ ਅਤੇ ਖੋਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਪੰਜਾਬ ਸਰਕਾਰ ਵੱਲੋਂ ਨਵੇਂ ਖੋਲ੍ਹੇ ਜਾ ਰਹੇ ਮੈਡੀਕਲ ਕਾਲਜਾਂ ਦੀ ਤਾਜਾ ਸਥਿਤੀ ਕੀ ਹੈ;

ਅ) ਹੁਣ ਤੱਕ ਕਿੰਨੇ ਹੋਰ ਨਵੇਂ ਕਾਲਜ ਖੁੱਲ੍ਹਣ ਉਪਰੰਤ ਕੰਮ ਕਰ ਰਹੇ ਹਨ;

ੲ) ਜਿਲ੍ਹਾ ਗੁਰਦਾਸਪੁਰ ਅਤੇ ਸ਼ਹੀਦ ਭਗਤ ਸਿੰਘ ਜੀ ਦੇ ਜੱਦੀ ਪਿੰਡ ਖਟਕੜ ਕਲਾਂ, ਜਿਲ੍ਹਾ ਨਵਾਂਸ਼ਹਿਰ ਵਿਖੇ ਖੁੱਲ੍ਹਣ

ਵਾਲੇ ਸਰਕਾਰੀ ਮੈਡੀਕਲ ਕਾਲਜਾਂ ਦੀ ਪ੍ਰਗਤੀ ਰਿਪੋਰਟ ਕੀ ਹੈ; ਵੇਰਵੇ ਸਹਿਤ ਦੱਸਿਆ ਜਾਵੇ?

----

## ਡੇਰਾਬੱਸੀ ਅਤੇ ਜੀਰਕਪੁਰ ਸ਼ਹਿਰ ਵਿਚ ਮਿੰਨੀ ਸੱਕਤਰੇਤ ਬਣਾ ਕੇ ਤਹਿਸੀਲ ਕੰਪਲੈਕਸ ਸਮੇਤ ਸਰਕਾਰੀ ਦਫਤਰ ਇਕ ਜਗ੍ਹਾ ਤੇ ਸ਼ਿਫਟ ਕਰਨਾ

***890 ਸ. ਕੁਲਜੀਤ ਸਿੰਘ ਰੰਧਾਵਾ ( ਡੇਰਾ ਬੱਸੀ ):**

**ਮਾਲ, ਮੁੜ ਵਸੇਬਾ ਅਤੇ ਆਫ਼ਤ ਪ੍ਰਬੰਧਨ, ਜਲ ਸਪਲਾਈ ਅਤੇ ਸੈਨੀਟੇਸ਼ਨ** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਤਹਿਸੀਲ ਕੰਪਲੈਕਸ, ਡੇਰਾਬੱਸੀ ਅਤੇ ਸਬ-ਤਹਿਸੀਲ ਕੰਪਲੈਕਸ, ਜੀਰਕਪੁਰ ਸ਼ਹਿਰਾਂ ਦੇ ਵਿਚਕਾਰ ਭੀੜ ਵਾਲੀ ਜਗ੍ਹਾ ਉਤੇ ਸਥਿਤ ਹੋਣ ਕਾਰਨ ਲੋਕਾਂ ਨੂੰ ਆਉਂਦੀਆਂ ਦਿੱਕਤਾਂ ਦੇ ਮੱਦੇਨਜ਼ਰ ਇਨ੍ਹਾਂ ਸ਼ਹਿਰਾਂ ਵਿੱਚ ਮਿੰਨੀ ਸਕੱਤਰੇਤ ਬਣਾ ਕੇ ਤਹਿਸੀਲ ਕੰਪਲੈਕਸ ਸਮੇਤ ਸਮੂਹ ਸਰਕਾਰੀ ਅਦਾਰਿਆਂ ਨੂੰ ਇੱਕ ਜਗ੍ਹਾ ਉਤੇ ਸਿਫਟ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕੀ ਸਰਕਾਰ ਇਸ ਮੰਤਵ ਲਈ ਆਉਂਦੇ ਵਿੱਤੀ ਸਾਲ ਦੌਰਾਨ ਬਜਟ ਵਿੱਚ ਲੋੜੀਂਦੇ ਬਜਟ ਦਾ ਉਪਬੰਧ ਕਰੇਗੀ, ਜੇਕਰ ਉਤਰ ਹਾਂ ਵਿਚ ਹੋਵੇ ਤਾਂ ਇਸ ਬਾਰੇ ਵਿਸਥਾਰ ਸਹਿਤ ਵੇਰਵੇ ਦਿੱਤੇ ਜਾਣ?

----

## ਰਾਜ ਦੇ ਮਾਨਤਾ ਪ੍ਰਾਪਤ ਪ੍ਰਾਈਵੇਟ ਸਕੂਲਾਂ ਵਿੱਚ ਰਿਜਰਵੇਸ਼ਨ ਪਾਲਿਸੀ ਲਾਗੂ ਕਰਨਾ

***897 ਡਾ. ਸੁਖਵਿੰਦਰ ਕੁਮਾਰ ਸੁੱਖੀ (ਬੰਗਾ):**

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਉੱਚ ਸਿੱਖਿਆ, ਸਕੂਲ ਸਿੱਖਿਆ**

ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਰਾਜ ਦੇ ਮਾਨਤਾ ਪ੍ਰਾਪਤ ਪ੍ਰਾਈਵੇਟ ਸਕੂਲਾਂ ਵਿੱਚ ਅਨੁਸੂਚਿਤ ਜਾਤੀਆਂ, ਪਛੜੀਆਂ ਸ਼੍ਰੇਣੀਆਂ ਅਤੇ ਆਰਥਿਕ ਤੌਰ ਤੇ ਪਛੜੇ ਪਰਿਵਾਰਾਂ ਦੇ ਬੱਚਿਆਂ ਦੀ ਪੜ੍ਹਾਈ ਲਈ ਦਾਖਲਿਆਂ ਵਿੱਚ ਰਾਖਵਾਂਕਰਨ ਪਾਲਿਸੀ ਲਾਗੂ ਹੈ;

ਅ) ਜੇਕਰ ਉਪਰੋਕਤ ਭਾਗ (ੳ) ਦਾ ਉਤਰ ਹਾਂ ਵਿੱਚ ਹੋਵੇ ਤਾਂ ਵਿੱਦਿਅਕ ਵਰ੍ਹੇ 2021-22, 2022-23 ਅਤੇ 2023-24 ਦੌਰਾਨ ਇਨ੍ਹਾਂ ਸਕੂਲਾਂ ਵਿੱਚ ਕਿੰਨੇ-ਕਿੰਨੇ ਅਨੁਸੂਚਿਤ ਜਾਤੀਆਂ, ਪਛੜੀਆਂ ਸ਼੍ਰੇਣੀਆਂ ਅਤੇ ਆਰਥਿਕ ਤੌਰ ਤੇ ਪਛੜੇ ਪਰਿਵਾਰਾਂ ਦੇ ਬੱਚਿਆਂ ਨੂੰ ਦਾਖਲਾ ਦਿੱਤਾ ਅਤੇ ਇਸ ਸਮੇਂ ਦੌਰਾਨ ਕਿੰਨੇ ਬੱਚਿਆਂ ਨੂੰ ਮੁਫ਼ਤ ਪੜ੍ਹਾਈ ਕਰਵਾਈ ਗਈ; ਜੇਕਰ ਨਹੀਂ ਤਾਂ ਸੰਵਿਧਾਨਿਕ ਰਿਜ਼ਰਵੇਸ਼ਨ ਪਾਲਿਸੀ ਦੀ ਉਲੰਘਣਾ ਕਰਨ ਵਾਲੇ ਸਕੂਲਾਂ ਖਿ਼ਲਾਫ਼ ਸਰਕਾਰ ਨੇ ਹੁਣ ਤੱਕ ਕੀ ਕਾਰਵਾਈ ਕੀਤੀ ਹੈ; ਵੇਰਵੇ ਸਹਿਤ ਦੱਸਿਆ ਜਾਵੇ?

----

## ਅੰਮ੍ਰਿਤਸਰ - ਬਠਿੰਡਾ ਰੋਡ (NH15) ਨੂੰ ਸ਼ਡਿਊਲ ਰੋਡ ਐਕਟ ਤੋਂ ਛੋਟ ਦੇਣਾ

***886 ਸ. ਗੁਰਦਿੱਤ ਸਿੰਘ ਸੇਖੋਂ (ਫਰੀਦਕੋਟ):**

**ਲੋਕ ਨਿਰਮਾਣ, ਬਿਜਲੀ**

ਕਿ ਲੋਕ ਨਿਰਮਾਣ ( ਭ ਤੇ ਮ ) ਮੰਤਰੀ ਕਿਰਪਾ ਕਰਕੇ ਦਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਅੰਮ੍ਰਿਤਸਰ-ਬਠਿੰਡਾ ਰੋਡ ਪਹਿਲਾਂ NH15 ਵਜੋਂ ਜਾਣਿਆ ਜਾਂਦਾ ਸੀ, ਹੁਣ ਇਸ ਸੜਕ ਨੂੰ ਚਾਰ ਮਾਰਗੀ ਕਰ ਦਿੱਤਾ ਗਿਆ ਹੈ ਅਤੇ ਇਸ ਸੜਕ ਦਾ ਨਾਮ NH15 ਤੋਂ ਬਦਲ ਕੇ NH54 ਕਰ ਦਿੱਤਾ ਗਿਆ ਹੈ; ਨੈਸ਼ਨਲ ਹਾਈਵੇ ਹੋਣ ਕਰਕੇ ਇਸ ਉੱਪਰ ਸ਼ਡਿਊਲ ਐਕਟ ਲੱਗਦਾ ਸੀ, ਪ੍ਰੰਤੂ ਹੁਣ ਇਹ ਸੜਕ NH15 ਡਿਕਲੇਅਰ ਹੋ ਚੁੱਕੀ ਹੈ ਜੋ ਕਿ ਹਰ ਇੱਕ ਸ਼ਹਿਰ ਦਾ Bye-pass ਬਣਾਉਂਦੇ ਹੋਏ ਲੰਘ ਜਾਂਦੀ ਹੈ; ਸਰਕਾਰ ਵੱਲੋਂ ਆਪਣੇ ਪੱਤਰ ਰਾਹੀਂ ਸ਼ਹਿਰਾਂ ਵਿੱਚ ਲੰਘਦੇ NH15 ਦੇ ਹਿੱਸਿਆਂ ਨੂੰ Major District Road Declare ਕੀਤਾ ਜਾ ਚੁੱਕਿਆ ਹੈ, ਪ੍ਰੰਤੂ ਇਸ ਪੱਤਰ ਵਿੱਚ ਇਸ ਸੜਕ ਨੂੰ ਸ਼ਡਿਉਲ ਰੋਡ ਐਟਕ ਮੁਕਤ ਕਰਨ ਦਾ ਜਿਕਰ ਨਹੀਂ ਕੀਤਾ ਗਿਆ, ਜਿਸ ਕਾਰਨ ਲੋਂਕਾ ਦੇ ਨਕਸ਼ੇ ਪਾਸ ਨਹੀਂ ਹੋ ਰਹੇ।;

ਅ) ਕੀ ਇਹ ਸੜਕ ਸ਼ਡਿਊਲ ਰੋਡ ਐਕਟ ਤੋਂ ਮੁਕਤ ਹੋ ਚੁੱਕੀ ਹੈ ਜਾਂ ਨਹੀਂ; ਜੇਕਰ ਨਹੀਂ ਤਾਂ ਇਹ ਰੋਡ ਕਦੋਂ ਤੱਕ ਸ਼ਡਿਉਲ ਰੋੜ ਐਕਟ ਤੋਂ ਮੁਕਤ ਹੋ ਜਾਵੇਗੀ ?

----

**ਲੁਧਿਆਣਾ ਦੱਖਣੀ ਵਿਖੇ ਵਕਫ ਬੋਰਡ ਦੀਆਂ ਜ਼ਮੀਨਾਂ ਲੀਜ਼ ਤੇ ਦਿੱਤੇ ਜਾਣ ਦੇ ਵੇਰਵੇ**

***894 ਸ਼੍ਰੀਮਤੀ ਰਾਜਿੰਦਰ ਪਾਲ ਕੌਰ (ਲੁਧਿਆਣਾ ਦੱਖਣੀ):**

**ਸਥਾਨਕ ਸਰਕਾਰਾਂ, ਸੰਸਦੀ ਮਾਮਲੇ**

ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਲੁਧਿਆਣਾ ਦੱਖਣੀ ਵਿਖੇ ਵਕਫ ਬੋਰਡ ਦੀਆਂ ਕਿੰਨੀਆਂ ਜ਼ਮੀਨਾਂ ਕਿੰਨੇ ਲੋਕਾਂ ਨੂੰ ਕਿੰਨੇ ਸਮੇਂ ਲਈ ਲੀਜ਼ ਉੱਤੇ ਦਿੱਤੀਆਂ ਹੋਈਆਂ ਹਨ?

----

**ਗਡਰੀਆ ਸਮਾਜ ਅਤੇ ਇਸ ਕਬੀਲੇ ਦੀਆਂ ਭੇਡਾਂ ਬੱਕਰੀਆਂ ਦੀ ਭਲਾਈ ਲਈ ਪੰਜਾਬ ਸਰਕਾਰ ਦੀਆਂ ਸਕੀਮਾਂ/ ਕਾਨੂੰਨਾਂ ਸਬੰਧੀ।**

***895 ਸ. ਕੁਲਵੰਤ ਸਿੰਘ (ਐਸ.ਏ.ਐਸ. ਨਗਰ):**

**ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਵਿਭਾਗ** ਕੀ ਮਾਨਯੋਗ ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ ਮੰਤਰੀ ਜੀ ਕਿਰਪਾ ਕਰ ਕੇ ਦੱਸਣਗੇ ਕਿ ...... ਭੇਡਾਂ ਬੱਕਰੀਆਂ ਪਾਲਣਾ ਗਡਰੀਆ ਵਿਮੁਕਤ ਘੁਮੰਤੂ ਕਬੀਲੇ ਦੀ ਭਲਾਈ ਲਈ ਇਸ ਕਬੀਲੇ ਦੀਆਂ ਭੇਡਾਂ ਬੱਕਰੀਆਂ ਲਈ ਰਾਜਸਥਾਨ, ਉੱਤਰਾਖੰਡ, ਹਿਮਾਚਲ ਪ੍ਰਦੇਸ਼, ਮਹਾਰਾਸ਼ਟਰ ਅਤੇ ਜੰਮੂ ਕਸ਼ਮੀਰ ਦੀਆਂ ਸਰਕਾਰਾਂ ਵੱਲੋਂ ਬੀਮੇ ਦੀ ਵਿਵਸਥਾ ਕਰਨ ਲਈ ਬਣਾਏ ਕਨੂੰਨ ਦੀ ਤਰਜ਼ ਤੇ ਪੰਜਾਬ ਸਰਕਾਰ ਦੀ ਕੋਈ ਨੀਤੀ ਜਾਂ ਕਾਨੂੰਨ ਹੈ। ਜੇਕਰ ਹੈ ਤਾਂ ਉਸ ਦੇ ਵੇਰਵੇ ਦਿੱਤੇ ਜਾਣ ਅਤੇ ਜੇਕਰ ਨਹੀਂ ਤਾਂ ਕੀ ਅਜਿਹੀ ਕੋਈ ਨੀਤੀ/ਕਾਨੂੰਨ ਜਾਂ ਇਸ ਕਬੀਲੇ ਦੀ ਭਲਾਈ ਲਈ ਹੋਰ ਸਕੀਮਾਂ ਬਣਾਉਣਾ ਸਰਕਾਰ ਦੇ ਵਿਚਾਰ ਅਧੀਨ ਹੈ?

----

## ਪੰਜਾਬ ਦੇ ਸਰਕਾਰੀ ਵਿਭਾਗਾਂ ਵਿੱਚ ਜਿੱਥੇ ਕਿਤੇ ਵੀ ਠੇਕੇਦਾਰੀ ਸਿਸਟਮ ਹੈ ਉੱਥੇ ਵਿਕਾਸ ਕੰਮਾਂ ਵਿੱਚ ਹੋਈ ਦੇਰੀ ਕਾਰਨਾਂ ਦੇ ਵੇਰਵੇ

***887 ਸ. ਗੁਰਦਿੱਤ ਸਿੰਘ ਸੇਖੋਂ (ਫਰੀਦਕੋਟ):**

**ਵਿੱਤ, ਯੋਜਨਾ, ਪ੍ਰੋਗਰਾਮ ਲਾਗੂ ਕਰਨ, ਆਬਕਾਰੀ ਅਤੇ ਕਰ**

ਕਿ ਵਿੱਤ ਮੰਤਰੀ ਕਿਰਪਾ ਕਰਕੇ ਦਸਣਗੇ ਕੀ

ਪੰਜਾਬ ਦੇ ਸਰਕਾਰੀ ਵਿਭਾਗਾਂ ਵਿੱਚ ਜਿੱਥੇ ਕਿਤੇ ਵੀ ਠੇਕੇਦਾਰੀ ਸਿਸਟਮ ਦੀ ਪ੍ਰਥਾ ਹੈ ਉੱਥੇ ਠੇਕੇਦਾਰਾਂ ਆਰਬੀਟੇਸ਼ਨ ਕਲੇਮ ਪਾਏ ਜਾਂਦੇ ਹਨ ਅਤੇ ਉਹਨਾਂ ਨੂੰ ਅਦਾਇਗੀਆਂ ਵੀ ਹੋ ਜਾਂਦੀਆਂ ਹਨ।;ਇਹ ਇੱਕ ਗੰਭੀਰ ਵਿਸ਼ਾ ਹੈ, ਜਿਸ ਨਾਲ ਸਰਕਾਰੀ ਖਜਾਨੇ ਤੇ ਵਾਧੂ ਵਿੱਤੀ ਬੋਝ ਪੈਂਦਾ ਹੈ।;ਇਸ ਲਈ ਮੈਂ ਜਾਣਨਾ ਚਾਹੁੰਦਾ ਹਾਂ ਕਿ:- 01-04-2020 ਤੋਂ ਹੁਣ ਤੱਕ ਪੂਰੇ ਪੰਜਾਬ ਵਿੱਚ ਵੱਖ-ਵੱਖ ਉਸਾਰੀ ਦੇ ਕੰਮਾਂ ਤੇ ਠੇਕੇਦਾਰ/ਏਜੰਸੀਆਂ ਵੱਲੋਂ ਕਿੰਨੇ ਆਰਬੀਟੇਸ਼ਨ ਦੇ ਕੇਸ ਪਾਏ ਗਏ ਅਤੇ ਕਿੰਨੀਆਂ ਦੀਆਂ ਅਦਾਇਗੀਆਂ ਹੋਈਆਂ ਹਨ; ਇਹਨਾਂ ਦੀ ਰਕਮ ਕਿੰਨੀ ਬਣਦੀ ਹੈ ਅਤੇ ਇਹਨਾਂ ਆਰਬੀਟੇਸ਼ਨ ਕਲੇਮ ਦੀ ਅਦਾਇਗੀ ਕਰਨ ਦਾ ਮੁੱਖ ਕਾਰਨ ਕੀ ਰਿਹਾ ਹੈ; ਸਰਕਾਰ ਦੇ ਖਜਾਨੇ ਉੱਤੇ ਉਸਾਰੀ ਦੀ ਰਕਮ ਤੋਂ ਕਿੰਨੀ ਰਕਮ ਦਾ ਵੱਧ ਬੋਝ ਪਿਆ ਹੈ ਅਤੇ ਮੇਰੇ ਹਲਕੇ ਫਰੀਦਕੋਟ ਵਿੱਚ ਵੀ ਇਹੋ ਜਿਹੇ ਕਿੰਨੇ ਕੇਸ ਹੋਏ ਹਨ; ਵੇਰਵੇ ਦਿੱਤੇ ਜਾਣ ?

----

## ਮੰਦਬੁੱਧੀ ਬੱਚੀਆਂ ਅਤੇ ਵਿਅਕਤੀਆਂ ਦੀ ਹੋ ਰਹੀ ਰਹੀ ਨਿਲਾਮੀ ਸਬੰਧੀ ।

***885 ਸ਼੍ਰੀ ਬਲਕਾਰ ਸਿੰਘ ਸਿੱਧੂ (ਰਾਮਪੁਰਾ ਫੂਲ):**

**ਸਮਾਜਿਕ ਨਿਆਂ, ਸਸ਼ਕਤੀਕਰਨ ਅਤੇ ਘੱਟ ਗਿਣਤੀਆਂ, ਸਮਾਜਿਕ ਸੁਰੱਖਿਆ, ਮਹਿਲਾ ਅਤੇ ਬਾਲ ਵਿਕਾਸ**

ਪੰਜਾਬ ਦੇ ਬਾਰਡਰ ਏਰੀਏ ਵਿੱਚ ਖੇਤਾਂ ਵਿੱਚ ਰਹਿੰਦੇ ਲੋਕਾਂ ਨੇ ਰੇਲ ਗੱਡੀਆਂ ਰਾਹੀ ਆਏ ਮੰਦਬੁੱਧੀ ਬੱਚਿਆਂ / ਵਿਅਕਤੀਆਂ ਨੂੰ ਕੁਝ ਪੈਸਿਆਂ ਦੇ ਲਾਲਚ ਵਿੱਚ ਵੇਚ ਦਿੰਦੇ ਹਨ ਅਤੇ ਉਹਨਾਂ ਤੋਂ ਬੰਧੂਆ ਮਜ਼ਦੂਰਾਂ ਦੀ ਤਰ੍ਹਾਂ ਕੰਮ ਲੈ ਰਹੇ ਹਨ।ਜੇਕਰ ਅਜਿਹਾ ਹੈ ਤਾਂ ਕੀ ਉਕਤ ਮੰਦਬੁੱਧੀ ਬੱਚਿਆਂ /ਵਿਅਕਤੀਆਂ ਦੀ ਭਲਾਈ ਲਈ ਸਰਕਾਰ ਕੋਈ ਕਦਮ ਚੁੱਕਣ ਦੀ ਪ੍ਰਸਤਾਵ ਰੱਖਦੀ ਹੈ।ਜੇਕਰ ਅਜਿਹਾ ਹੈ ਤਾਂ ਉਸ ਦੇ ਵੇਰਵੇ ਕੀ ਹਨ?

----

## ਹਲਕਾ ਨਕੋਦਰ ਵਿੱਚ ਨਹਿਰਾਂ ਦੇ ਪਾਣੀ ਨਾਲ ਖੁਰ ਰਹੀ ਜ਼ਮੀਨ ਨੂੰ ਖੁਰਨ ਤੋਂ ਬਚਾਉਣਾ

***893 ਸ਼੍ਰੀਮਤੀ ਇੰਦਰਜੀਤ ਕੌਰ ਮਾਨ (ਨਕੋਦਰ ):**

**ਰੱਖਿਆ ਸੇਵਾਵਾਂ ਭਲਾਈ, ਆਜ਼ਾਦੀ ਘੁਲਾਟੀਆਂ, ਬਾਗਬਾਨੀ, ਸੂਚਨਾ ਅਤੇ ਲੋਕ ਸੰਪਰਕ, ਖਾਨ ਅਤੇ ਭੂ-ਵਿਗਿਆਨ, ਜਲ ਸਰੋਤ ਅਤੇ ਜ਼ਮੀਨ ਅਤੇ ਪਾਣੀ ਦੀ ਸੰਭਾਲ**

ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਨਕੋਦਰ ਵਿੱਚ ਨਹਿਰਾਂ ਦੇ ਨਾਲ ਵਾਲੀ ਜਮੀਨ ਨਹਿਰਾਂ ਵਿੱਚ ਪਾਣੀ ਆਉਣ ਨਾਲ ਖੁਰ ਜਾਂਦੀ ਹੈ; ਜੇਕਰ ਅਜਿਹਾ ਹੈ ਤਾਂ ਕੀ ਇਸ ਖੁਰ ਰਹੀ ਜਮੀਨ ਨੂੰ ਬਚਾਉਣ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

----

## ਪੰਜਾਬ ਵਿੱਚ ਓ.ਓ.ਏ.ਟੀ. ਕਲੀਨਿਕਾਂ ਦੇ ਵੇਰਵੇ

***902 ਡਾ. ਰਾਜ ਕੁਮਾਰ (ਚੱਬੇਵਾਲ):**

**ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਮੈਡੀਕਲ ਸਿੱਖਿਆ ਅਤੇ ਖੋਜ, ਚੋਣ**

ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ**) ਪੰਜਾਬ ਵਿੱਚ ਓ.ਓ.ਏ.ਟੀ (OOAT) ਕਲੀਨਿਕ ਕਿੰਨੇ ਹਨ;

**ਅ**) ਸਰਕਾਰੀ ਅਤੇ ਪ੍ਰਾਈਵੇਟ ਸੈਕਟਰ ਵਿਚ ਮਿਤੀ ਅੰਤ ਤੱਕ ਕਿੰਨੇ (ਨਸ਼ੇ ਦੇ ਆਦੀ)ਮਰੀਜ਼ ਰਜਿਸਟਰਡ ਹਨ?

----

## ਜਿਲ੍ਹਾ ਫਾਜ਼ਿਲਕਾ ਅਤੇ ਅਬੋਹਰ ਹਲਕੇ ਦੇ ਰੱਦ ਕੀਤੇ ਰਾਸ਼ਨ ਕਾਰਡਾਂ ਦੇ ਵੇਰਵੇ

***898 ਸ਼੍ਰੀ ਸੰਦੀਪ ਜਾਖੜ (ਅਬੋਹਰ):**

**ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ, ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ**

ਕੀ ਖੁਰਾਕ ਅਤੇ ਸਿਵਲ ਸਪਲਾਈਜ਼ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪਿਛਲੇ ਇੱਕ ਸਾਲ ਵਿੱਚ ਜ਼ਿਲ੍ਹਾ ਫਾਜ਼ਿਲਕਾ ਅਤੇ ਅਬੋਹਰ ਹਲਕੇ ਵਿੱਚ ਕਿੰਨੇ ਰਾਸ਼ਨ ਕਾਰਡ ਰੱਦ ਕੀਤੇ ਗਏ ਹਨ ਅਤੇ ਕਾਰਡ ਰੱਦ ਕਰਨ ਦੇ ਮਾਪਦੰਡ ਕੀ ਹਨ ਅਤੇ ਕੀ ਲੋਕਾਂ ਦੇ ਅਪੀਲ ਕਰਨ ਲਈ ਕੋਈ ਵਿੱਧੀ ਹੈ ਜੇਕਰ ਉਹ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਦੇ ਰਾਸ਼ਨ ਕਾਰਡ ਗਲਤ ਤਰੀਕੇ ਨਾਲ ਰੱਦ ਕੀਤੇ ਗਏ ਹਨ ?

----

## ਹਲਕਾ ਬਾਘਾ ਪੁਰਾਣਾ ਵਿਖੇ ਨਗਰ ਕੌਂਸਲ ਦੀ 90 ਕਨਾਲ ਜ਼ਮੀਨ ਪ੍ਰਾਈਵੇਟ ਬਿਲਡਰ ਤੋਂ ਛੁਡਵਾਉਣਾ

***892 ਸ. ਅੰਮ੍ਰਿਤਪਾਲ ਸਿੰਘ ਸੁੱਖਾਨੰਦ (ਬਾਘਾ ਪੁਰਾਣਾ):**

**ਸਥਾਨਕ ਸਰਕਾਰਾਂ, ਸੰਸਦੀ ਮਾਮਲੇ**

ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਬਾਘਾ ਪੁਰਾਣਾ ਵਿਖੇ ਸ਼ਹਿਰ ਦੇ ਵਿੱਚੋਂ-ਵਿੱਚ 90 ਕਨਾਲ ਜ਼ਮੀਨ ਜੋ ਨਗਰ ਕੌਂਸਲ ਅਧੀਨ ਸੀ, ਨੂੰ ਪਿੱਛਲੀਆਂ ਸਰਕਾਰਾਂ ਵੱਲੋਂ ਕਿਸੇ ਪ੍ਰਾਈਵੇਟ ਬਿਲਡਰ ਨੂੰ ਵੇਚ ਦਿੱਤਾ ਗਿਆ ਸੀ; ਜੇਕਰ ਅਜਿਹਾ ਹੈ ਤਾਂ ਇਸ ਥਾਂ ਨੂੰ ਪ੍ਰਾਈਵੇਟ ਬਿਲਡਰ ਤੋਂ ਛੁਡਵਾਉਣ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

----

## ਹਲਕਾ ਡੇਰਾਬੱਸੀ ਦੇ ਲੋਕਾਂ ਨੂੰ ਪੀਣ ਤੇ ਸਿੰਚਾਈ ਲਈ ਨਹਿਰੀ ਪਾਣੀ ਮੁਹੱਈਆ ਕਰਵਾਉਣਾ

***891 ਸ. ਕੁਲਜੀਤ ਸਿੰਘ ਰੰਧਾਵਾ ( ਡੇਰਾ ਬੱਸੀ ):**

**ਰੱਖਿਆ ਸੇਵਾਵਾਂ ਭਲਾਈ, ਆਜ਼ਾਦੀ ਘੁਲਾਟੀਆਂ, ਬਾਗਬਾਨੀ, ਸੂਚਨਾ ਅਤੇ ਲੋਕ ਸੰਪਰਕ, ਖਾਨ ਅਤੇ ਭੂ-ਵਿਗਿਆਨ, ਜਲ ਸਰੋਤ ਅਤੇ ਜ਼ਮੀਨ ਅਤੇ ਪਾਣੀ ਦੀ ਸੰਭਾਲ** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:- ੳ) ਹਲਕਾ ਡੇਰਾਬੱਸੀ ਵਿੱਚ ਧਰਤੀ ਹੇਠਲੇ ਪਾਣੀ ਦੇ ਲੈਵਲ ਦੇ ਬਹੁਤ ਜ਼ਿਆਦਾ ਡੂੰਘਾ ਚਲੇ ਜਾਣ ਕਾਰਨ ਇਲਾਕੇ ਦੇ ਲੋਕਾਂ ਨੂੰ ਪੀਣ ਲਈ ਤੇ ਸਿੰਚਾਈ ਲਈ ਪਾਣੀ ਦੀ ਘਾਟ ਦੇ ਮੱਦੇਨਜ਼ਰ ਇਲਾਕੇ ਦੇ ਲੋਕਾਂ ਨੂੰ ਪੀਣ ਤੇ ਸਿੰਚਾਈ ਲਈ ਨਹਿਰੀ ਪਾਣੀ ਮੁਹੱਈਆ ਕਰਵਾਉਣ ਲਈ ਸਰਕਾਰ ਕੋਈ ਵਿਆਪਕ ਯੋਜਨਾ ਤਿਆਰ ਰਹੀ ਹੈ; ਜੇਕਰ ਅਜਿਹੀ ਕੋਈ ਯੋਜਨਾ ਤਿਆਰ ਕਰ ਰਹੀ ਹੈ ਤਾਂ ਇਸ ਯੋਜਨਾ ਨੂੰ ਕਦੋਂ ਤੱਕ ਅਮਲੀ ਰੂਪ ਦੇ ਕੇ ਇਲਾਕੇ ਦੇ ਲੋਕਾਂ ਨੂੰ ਪੀਣ ਲਈ ਅਤੇ ਸਿੰਚਾਈ ਲਈ ਨਹਿਰੀ ਪਾਣੀ ਕਦੋਂ ਤੱਕ ਮੁਹੱਈਆ ਕਰਵਾ ਦਿੱਤਾ ਜਾਵੇਗਾ; ਅ) ਕੀ ਸਰਕਾਰ ਆਉਂਦੇ ਵਿੱਤੀ ਸਾਲ ਦੇ ਬਜਟ ਵਿੱਚ ਇਸ ਮੰਤਵ ਲਈ ਲੋੜੀਂਦੇ ਬਜਟ ਦਾ ਉਪਬੰਧ ਕਰੇਗੀ; ਜੇਕਰ ਕਰੇਗੀ ਤਾਂ ਇਸ ਦੇ ਵਿਸਥਾਰ ਸਹਿਤ ਵੇਰਵੇ ਦਿੱਤੇ ਜਾਣ?

----

## ਪੰਜਾਬ ਸਟੇਟ ਸਡਿਊਲਡ ਕਾਸਟ ਕਮਿਸ਼ਨਦੀਆਂ ਅਸਾਮੀਆਂ ਦੇ ਵੇਰਵੇ

***903 ਸ. ਸੁਖਵਿੰਦਰ ਸਿੰਘ ਕੋਟਲੀ ( ਆਦਮਪੁਰ):**

**ਸਮਾਜਿਕ ਨਿਆਂ, ਸਸ਼ਕਤੀਕਰਨ ਅਤੇ ਘੱਟ ਗਿਣਤੀਆਂ, ਸਮਾਜਿਕ ਸੁਰੱਖਿਆ, ਮਹਿਲਾ ਅਤੇ ਬਾਲ ਵਿਕਾਸ** ਕੀ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:- ੳ) ਪੰਜਾਬ ਸਟੇਟ ਸਡਿਊਲਡ ਕਾਸਟ ਕਮਿਸ਼ਨ ਵਿੱਚ ਚੇਅਰਮੈਨ ਸਮੇਤ ਮੈਂਬਰਾਂ ਅਤੇ ਸਟਾਫ ਦੀਆਂ ਕੁੱਲ ਕਿੰਨੀਆਂ ਅਸਾਮੀਆਂ ਮਨਜ਼ੂਰਸ਼ੁਦਾ ਹਨ; ਇਨ੍ਹਾਂ ਵਿੱਚੋਂ ਕਿੰਨੀਆਂ ਭਰੀਆਂ ਅਤੇ ਕਿੰਨੀਆਂ ਖਾਲੀ ਹਨ; ਅ) ਉਕਤ ਕਮਿਸ਼ਨ ਪਾਸ ਅਪ੍ਰੈਲ 2022 ਤੋਂ ਹੁਣ ਤੱਕ ਕਿੰਨੀਆਂ ਸ਼ਿਕਾਇਤਾਂ ਪ੍ਰਾਪਤ ਹੋਈਆਂ ਹਨ, ਇਨ੍ਹਾਂ ਵਿੱਚ ਕਿੰਨੀਆਂ ਦਾ ਨਿਪਟਾਰਾ ਹੋ ਚੁੱਕਾ ਹੈ ਅਤੇ ਕਿੰਨੀਆਂ ਪੈਂਡਿੰਗ ਹਨ?

----

## ਮਾਰਚ 2022 ਤੋਂ ਹੁਣ ਤੱਕ ਨਵੇਂ ਬਣਾਏ ਸਕੂਲ ਆਫ ਐਮੀਨੈਂਸ ਦੇ ਵੇਰਵੇ

***904 ਸ਼੍ਰੀ. ਅਮਰਿੰਦਰ ਸਿੰਘ ਰਾਜਾ ਵੜਿੰਗ (ਗਿੱਦੜਬਾਹਾ):**

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਉੱਚ ਸਿੱਖਿਆ, ਸਕੂਲ ਸਿੱਖਿਆ** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:- ੳ) ਕੀ ਪੰਜਾਬ ਸਰਕਾਰ ਵੱਲੋਂ ਸਿੱਖਿਆ ਕ੍ਰਾਂਤੀ ਤਹਿਤ 117 ਸਕੂਲ ਆਫ ਐਮੀਨੈਂਸ ਬਣਾਉਣ ਦੀ ਤਜਵੀਜ਼ ਰੱਖੀ ਗਈ ਸੀ; ਮਾਰਚ 2022 ਤੋਂ ਹੁਣ ਤੱਕ ਕਿੰਨੇ ਸਕੂਲ ਆਫ ਐਮੀਨੈਂਸ ਨਵੇਂ ਬਣਾਏ ਗਏ; ਅ) ਕੀ ਇਸ ਸਮੇਂ ਦੌਰਾਨ ਨਵੇਂ ਸਕੂਲ ਬਣਾਉਣ ਲਈ ਜਗ੍ਹਾ ਐਕੁਆਇਰ ਕੀਤੀ ਗਈ ਜਾਂ ਕੀਤੇ ਜਾਣ ਲਈ ਨਿਸ਼ਾਨਦੇਹੀ ਕੀਤੀ ਗਈ; ੲ) ਇਸ ਸਮੇਂ ਦੌਰਾਨ ਕਿੰਨੀ ਰਾਸ਼ੀ ਇਨ੍ਹਾਂ ਸਕੂਲਾਂ ਲਈ ਰਾਖਵੀਂ ਰੱਖੀ ਗਈ ਹੈ ਤੇ ਉਸ ਵਿੱਚੋਂ ਕਿੰਨੀ ਹੁਣ ਤੱਕ ਕਿੱਥੇ-ਕਿੱਥੇ ਖਰਚੀ ਗਈ; ਸ) ਇਸ ਸਮੇਂ ਦੌਰਾਨ ਇਨ੍ਹਾਂ ਸਕੂਲਾਂ ਨੂੰ ਚਲਾਉਣ ਲਈ ਹੋਰ ਕਿੰਨੇ ਨਵੇਂ ਅਧਿਆਪਕ ਭਰਤੀ ਕੀਤੇ ਗਏ?

----

## ਸਕੂਲਾਂ ਵਿੱਚ ਬੱਚਿਆਂ ਦੀਆਂ ਅੱਖਾਂ ਦਾ ਰੈਗੂਲਰ ਤੌਰ ਤੇ ਚੈੱਕ ਅੱਪ

***896 ਡਾ. ਸੁਖਵਿੰਦਰ ਕੁਮਾਰ ਸੁੱਖੀ (ਬੰਗਾ):**

**ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਮੈਡੀਕਲ ਸਿੱਖਿਆ ਅਤੇ ਖੋਜ, ਚੋਣ** (ੳ) ਕੀ Ophthalmic ਅਫ਼ਸਰ ਰਾਜ ਦੇ ਸਕੂਲਾਂ ਵਿੱਚ ਬੱਚਿਆਂ ਦੀਆਂ ਅੱਖਾਂ ਦਾ ਰੈਗੂਲਰ ਤੌਰ ਤੇ ਚੈੱਕ ਅੱਪ ਕਰਦੇ ਹਨ ਜੇਕਰ ਅਜਿਹਾ ਹੋਵੇ ਤਾਂ ਕਿੰਨੇ ਸਮੇਂ ਬਾਅਦ ਚੈਕਿੰਗ ਕੀਤੀ ਜਾਂਦੀ ਹੈ ਤੇ ਸਾਲ, 2021 ਤੋਂ ਹੁਣ ਤੱਕ ਜ਼ਿਲ੍ਹਵਾਰ ਕਿੰਨੇ ਸਕੂਲਾਂ ਵਿੱਚ ਕਿੰਨੇ ਬੱਚਿਆਂ ਦੀਆਂ ਅੱਖਾਂ ਦੀ ਚੈਕਿੰਗ ਕੀਤੀ ਗਈ ਹੈ ਅਤੇ ਕੰਮਜ਼ੋਰ ਨਜ਼ਰ ਵਾਲੇ ਕਿੰਨੇ ਵਿਦਿਆਰਥੀਆਂ ਨੂੰ ਮੁਫ਼ਤ ਐਨਕਾਂ ਦਿੱਤੀਆਂ ਗਈਆਂ, ਜੇਕਰ ਨਹੀਂ ਤਾਂ ਇਸ ਦੇ ਕੀ ਕਾਰਨ ਹਨ। (ਅ) ਉਪਰੋਕਤ ਭਾਗ (ੳ) ਵਿੱਚ ਵਰਣਿਤ Ophthalmic ਅਫ਼ਸਰਾਂ ਦੀਆਂ ਰਾਜ ਵਿੱਚ ਕੁੱਲ ਕਿੰਨੀਆਂ ਮਨਜ਼ੂਰ ਸ਼ੁਦਾ ਅਸਾਮੀਆਂ ਹਨ ਤੇ ਇਨ੍ਹਾਂ ਅਸਾਮੀਆਂ ਵਿੱਚੋਂ ਕਿੰਨੀਆਂ ਅਸਾਮੀਆਂ ਖਾਲੀ ਹਨ, ਖਾਲੀ ਅਸਾਮੀਆਂ, ਜੇਕਰ ਹੋਣ ਤਾਂ, ਇਨ੍ਹਾਂ ਨੂੰ ਖਾਲੀ ਰੱਖਣ ਦੇ ਕੀ ਕਾਰਨ ਹਨ ਅਤੇ ਇਨ੍ਹਾਂ ਖਾਲੀ ਅਸਾਮੀਆਂ ਨੂੰ ਕਦੋਂ ਤੱਕ ਭਰ ਦਿੱਤਾ ਜਾਵੇਗਾ?

----

## ਜਲੰਧਰ-ਅੰਮ੍ਰਿਤਸਰ ਹਾਈਵੇ ਤੇ ਸਥਿਤ ਬੇਅੰਤ ਸਿੰਘ ਪਾਰਕ ਦੇ ਨਜਾਇਜ਼ ਕਬਜ਼ੇ ਨੂੰ ਖਾਲੀ ਕਰਵਾਉਣਾ

***901 ਸ਼੍ਰੀ. ਅਵਤਾਰ ਸਿੰਘ ਜੂਨੀਅਰ (ਜਲੰਧਰ ਉੱਤਰੀ ):**

**ਸਥਾਨਕ ਸਰਕਾਰਾਂ, ਸੰਸਦੀ ਮਾਮਲੇ** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ**) ਕੀ ਇਹ ਠੀਕ ਹੈ ਕਿ ਫੋਕਲ ਪੁਆਇੰਟ ਜਲੰਧਰ ਦੇ ਬਾਹਰ ਜਲੰਧਰ-ਅੰਮ੍ਰਿਤਸਰ ਹਾਈਵੇ, ਤੇ ਸਥਿਤ ਬੇਅੰਤ ਸਿੰਘ ਪਾਰਕ ਦੇ ਪੁਨਰ-ਸਥਾਪਨ/ਮੁੜ-ਪਲਾਂਟੇਸ਼ਨ ਵਿਭਾਗ ਵਲੋਂ ਕੀਤੀ ਗਈ ਸੀ; **ਅ**) ਕੀ ਉਪਰੋਕਤ ਦਰਸਾਏ ਪਾਰਕ ਦਾ ਇੱਕ ਹਿੱਸਾ ਸਟਰੀਟ ਵਿਕਰੇਤਾਵਾਂ ਦੇ ਨਾਜਇਜ਼ ਕਬਜ਼ੇ ਹੇਠ ਹੈ; ਜੇਕਰ ਅਜਿਹਾ ਹੋਵੇ ਤਾਂ ਉਪਰੋਕਤ ਦਰਸਾਏ ਗ੍ਰੀਨ ਏਰੀਆ/ਪਾਰਕ ਨੂੰ ਖਾਲੀ ਕਰਵਾਉਣ ਲਈ ਕੀ ਕਦਮ ਚੁੱਕੇ ਗਏ ਹਨ?

----

## ਰਾਜ ਵਿੱਚ ਸਾਲ 2021-22 ਦੌਰਾਨ ਅੱਪ-ਗ੍ਰੇਡ ਕੀਤੇ ਸਕੂਲਾਂ ਵਿਚੋਂ ਡਾਊਨ ਗ੍ਰੇਡ/ਫੰਕਸ਼ਨਲ ਤੋਂ ਚੁੱਕੇ ਸਕੂਲਾਂ ਦੇ ਵੇਰਵੇ

***900 ਸ. ਪ੍ਰਤਾਪ ਸਿੰਘ ਬਾਜਵਾ (ਕਾਦੀਆਂ):**

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਉੱਚ ਸਿੱਖਿਆ, ਸਕੂਲ ਸਿੱਖਿਆ** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:- ੳ) ਪੰਜਾਬ ਰਾਜ ਵਿੰਚ ਸਾਲ 2021-22 ਦੌਰਾਨ ਅੱਪ-ਗ੍ਰੇਡ ਕੀਤੇ ਗਏ ਸਕੂਲਾਂ ਵਿੱਚੋਂ ਹੁਣ ਤੱਕ ਕਿੰਨੇ ਸਕੂਲ ਡਾਊਨ ਗਰੇਡ/ਫੰਕਸ਼ਨਲ ਹੋ ਚੁੱਕੇ ਹੈ, ਵੇਰਵੇ ਦਿੱਤੇ ਜਾਣ; ਅ) ਇਨ੍ਹਾਂ ਅੱਪ-ਗ੍ਰੇਡ ਹੋਏ ਸਕੂਲਾਂ ਨੂੰ ਡਾਊਨ ਗਰੇਡ ਕਰਦੇ ਸਮੇਂ ਸਰਕਾਰ ਵੱਲੋਂ ਕੀ ਨੀਤੀ ਅਖਤਿਆਰ ਕੀਤੀ ਗਈ ਹੈ; ੲ) ਜਿਲ੍ਹਾ ਗੁਰਦਾਸਪੁਰ ਦੇ ਅੱਪ-ਗ੍ਰੇਡ ਹੋਏ ਸਕੂਲਾਂ ਵਿੱਚੋਂ ਕਿੰਨੇ ਸਕੂਲ ਫੰਕਸ਼ਨਲ/ਡਾਊਨ ਗ੍ਰੇਡ ਕੀਤੇ ਗਏ ਹਨ, ਵੇਰਵੇ ਸਹਿਤ ਦੱਸਿਆ ਜਾਵੇ?

----

## ਸੂਬੇ ਅੰਦਰ ਵੱਖ-ਵੱਖ ਆਈਟਮਾਂ ਤੇ ਲਗਾਏ ਗਏ ਕਾਓ ਸੈੱਸ ਦੇ ਵੇਰਵੇ

***889 ਸ਼੍ਰੀ ਦਿਨੇਸ਼ ਕੁਮਾਰ ਚੱਢਾ (ਰੂਪਨਗਰ):**

**ਸਥਾਨਕ ਸਰਕਾਰਾਂ, ਸੰਸਦੀ ਮਾਮਲੇ** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸੂਬੇ ਚ ਵੱਖ-ਵੱਖ ਆਈਟਮਾਂ ਤੇ ਲਗਾਇਆ ਗਿਆ ਕਾਓ ਸੈੱਸ ਹਰ ਆਈਟਮ ਤੇ ਇਕੱਠਾ ਹੋ ਰਿਹਾ ਹੈ ਜਾਂ ਨਹੀਂ ;ਕਿਰਪਾ ਕਰਕੇ ਕਾਓ ਸੈੱਸ ਲੱਗਣ ਤੋਂ ਲੈਕੇ ਅੱਜ ਤੱਕ ਹਰ ਅਰਬਨ ਬਾਡੀ ਚ ਪ੍ਰਤੀ ਆਈਟਮ ਪ੍ਰਤੀ ਸਾਲ ਇਕੱਠੇ ਕਿੱਥੇ ਗਏ ਕਾਓ ਸੈੱਸ ਦੇ ਵੇਰਵੇ ਦਿਤੇ ਜਾਣ ਅਤੇ ਅਰਬਨ ਬਾਡੀ ਵਾਈਸ ਇਹ ਵੀ ਦੱਸਿਆ ਜਾਵੇ ਕਿ ਕਿੰਨਾ ਕਾਓ ਸੈੱਸ ਵਰਤਿਆ ਗਿਆ ਹੈ ਤੇ ਕਿੰਨਾ ਅਣਵਰਤਿਆ ਪਿਆ ਹੈ?

----

**ਚੰਡੀਗੜ੍ਹ, 160001.** **ਰਾਮ ਲੋਕ ਖਟਾਣਾ,**

**28 ਨਵੰਬਰ 2023.** **ਸਕੱਤਰ**